# ਜਨਗਣਨਾ ਅਤੇ ਤੁਸੀਂ

## ਜਨਗਣਨਾ ਕੀ ਹੈ?

ਕੈਨੇਡਾ ਵਿੱਚ, ਹਰ ਪੰਜ ਸਾਲਾਂ ਬਾਅਦ ਜਨਗਣਨਾ ਕੀਤੀ ਜਾਂਦੀ ਹੈ। ਆਬਾਦੀ ਦੀ ਜਨਗਣਨਾ ਪਰਿਵਾਰਾਂ ਤੋਂ ਜਨਸੰਖਿਆ ਸੰਬੰਧੀ, ਸਮਾਜਿਕ ਅਤੇ ਆਰਥਿਕ ਜਾਣਕਾਰੀ ਇਕੱਠੀ ਕਰਦੀ ਹੈ। ਖੇਤੀਬਾੜੀ ਜਨਗਣਨਾ ਕੈਨੇਡਾ ਵਿੱਚ ਹਰੇਕ ਖੇਤੀਬਾੜੀ ਓਪਰੇਸ਼ਨ ਬਾਰੇ ਜਾਣਕਾਰੀ ਇਕੱਠੀ ਕਰਦੀ ਹੈ। ਇਕੱਠੇ ਮਿਲ ਕੇ, ਉਹ ਕੈਨੇਡਾ ਦੀ ਆਬਾਦੀ ਅਤੇ ਖੇਤੀਬਾੜੀ ਖੇਤਰ ਦਾ ਇੱਕ ਚਿੱਤਰ ਬਣਾਉਂਦੇ ਹਨ, ਉੱਚ-ਗੁਣਵੱਤਾ ਵਾਲੀ ਅਜਿਹੀ ਜਾਣਕਾਰੀ ਪ੍ਰਦਾਨ ਕਰਦੇ ਹੋਏ ਜੋ ਕਨੇਡੀਅਨਾਂ ਨੂੰ ਉਨ੍ਹਾਂ ਦੇ ਪਰਿਵਾਰਾਂ, ਉਨ੍ਹਾਂ ਦੇ ਭਾਈਚਾਰਿਆਂ ਅਤੇ ਉਨ੍ਹਾਂ ਦੇ ਕਾਰੋਬਾਰਾਂ ਨੂੰ ਪ੍ਰਭਾਵਤ ਕਰਨ ਵਾਲੇ ਮਹੱਤਵਪੂਰਨ ਫੈਸਲੇ ਲੈਣ ਵਿੱਚ ਮਦਦ ਕਰਦੀ ਹੈ।

## ਜਨਗਣਨਾ ਮਹੱਤਵਪੂਰਨ ਕਿਉਂ ਹੈ?

ਜਨਗਣਨਾ ਡੇਟਾ ਦੀ ਵਰਤੋਂ ਸਰਕਾਰ ਦੇ ਸਾਰੇ ਪੱਧਰਾਂ, ਇੰਡਿਜਨਸ ਭਾਈਚਾਰਿਆਂ ਅਤੇ ਸੰਗਠਨਾਂ, ਭਾਈਚਾਰਕ ਅਤੇ ਖੇਤੀਬਾੜੀ ਸੰਗਠਨਾਂ, ਕਾਰੋਬਾਰਾਂ ਅਤੇ ਹੋਰ ਬਹੁਤ ਸਾਰੇ ਲੋਕਾਂ ਦੁਆਰਾ ਫੈਸਲੇ ਲੈਣ ਵਿੱਚ ਸਹਾਇਤਾ ਕਰਨ ਲਈ ਕੀਤੀ ਜਾਂਦੀ ਹੈ। ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਇਹ ਯਕੀਨੀ ਬਣਾਉਂਦੀ ਹੈ ਕਿ ਜਨਗਣਨਾ ਕੈਨੇਡਾ ਦੇ ਬਦਲਦੇ ਸਮਾਜ ਨੂੰ ਸਹੀ ਢੰਗ ਨਾਲ ਦਰਸਾਉਂਦੀ ਹੈ।

## ਪ੍ਰਸ਼ਨਾਵਲੀ ਕਿਸਨੂੰ ਭਰਨੀ ਚਾਹੀਦੀ ਹੈ?

2026 ਦੀ ਆਬਾਦੀ ਦੀ ਜਨਗਣਨਾ ਵਿੱਚ ਭਾਗੀਦਾਰੀ ਸਾਰੇ ਨਿਵਾਸੀਆਂ ਲਈ ਲਾਜ਼ਮੀ ਹੈ। ਇਸ ਵਿੱਚ ਕਨੇਡੀਅਨ ਨਾਗਰਿਕ (ਜਨਮ ਜਾਂ ਨੈਚੁਰਲਾਈਜ਼ੇਸ਼ਨ ਦੁਆਰਾ), ਲੈਂਡਿਡ ਪ੍ਰਵਾਸੀ, ਰਫ਼ਿਊਜੀ ਦਾਅਵੇਦਾਰ (ਜਿਵੇਂ ਕਿ, ਸ਼ਰਣ ਮੰਗਣ ਵਾਲੇ), ਕਨੇਡੀਅਨ ਵਿਦੇਸ਼ ਸੇਵਾ ਅਧਿਕਾਰੀ, ਵਿਦੇਸ਼ਾਂ ਵਿੱਚ ਤਾਇਨਾਤ ਕਨੇਡੀਅਨ ਆਰਮਡ ਫੋਰਸਿਜ਼ ਦੇ ਮੈਂਬਰ, ਅਤੇ ਵਰਕ ਜਾਂ ਸਟੱਡੀ ਪਰਮਿਟ ਰੱਖਣ ਵਾਲੇ ਵਿਅਕਤੀ ਸ਼ਾਮਲ ਹਨ।

ਫਾਰਮ ਜਾਂ ਖੇਤੀਬਾੜੀ ਓਪਰੇਸ਼ਨ ਨੂੰ ਚਲਾਉਣ ਲਈ ਜ਼ਿੰਮੇਵਾਰ ਕਿਸੇ ਵੀ ਵਿਅਕਤੀ ਨੂੰ 2026 ਦੀ ਖੇਤੀਬਾੜੀ ਜਨਗਣਨਾ ਪ੍ਰਸ਼ਨਾਵਲੀ ਭਰਨੀ ਚਾਹੀਦੀ ਹੈ। ਹਰੇਕ ਜਨਗਣਨਾ ਫਾਰਮ ਲਈ ਇੱਕ ਪ੍ਰਸ਼ਨਾਵਲੀ ਭਰੀ ਜਾਣੀ ਚਾਹੀਦੀ ਹੈ।

## ਜਨਗਣਨਾ ਕਿਵੇਂ ਕੀਤੀ ਜਾਂਦੀ ਹੈ?

ਚੋਣਵੇਂ ਉੱਤਰੀ ਅਤੇ ਦੂਰ-ਦੁਰਾਡੇ ਖੇਤਰਾਂ ਵਿੱਚ ਪਰਿਵਾਰਾਂ ਨੂੰ ਫਰਵਰੀ 2026 ਵਿੱਚ ਜਨਗਣਨਾ ਸੱਦਾ ਪੱਤਰ ਪ੍ਰਾਪਤ ਹੋਵੇਗਾ। ਬਾਕੀ ਸਾਰੇ ਪਰਿਵਾਰਾਂ ਅਤੇ ਖੇਤੀਬਾੜੀ ਓਪਰੇਸ਼ਨਾਂ ਨੂੰ ਮਈ 2026 ਦੇ ਸ਼ੁਰੂ ਵਿੱਚ ਉਨ੍ਹਾਂ ਦਾ ਸੱਦਾ ਪੱਤਰ ਪ੍ਰਾਪਤ ਹੋਵੇਗਾ। ਇਹ ਪੱਤਰ ਜਨਗਣਨਾ ਬਾਰੇ ਜਾਣਕਾਰੀ, ਦੇ ਨਾਲ ਹੀ ਪ੍ਰਸ਼ਨਾਵਲੀ ਨੂੰ ਕਿਵੇਂ ਪੂਰਾ ਕਰਨਾ ਹੈ ਬਾਰੇ ਹਦਾਇਤਾਂ ਪ੍ਰਦਾਨ ਕਰਦੇ ਹਨ।

ਜੇਕਰ ਭਰੀ ਹੋਈ ਪ੍ਰਸ਼ਨਾਵਲੀ ਪ੍ਰਾਪਤ ਨਹੀਂ ਹੁੰਦੀ ਹੈ ਤਾਂ ਸਟੈਟਿਸਟਿਕਸ ਕੈਨੇਡਾ ਫ਼ੋਨ ਰਾਹੀਂ ਜਾਂ ਵਿਅਕਤੀਗਤ ਤੌਰ 'ਤੇ ਫਾਲੋ-ਅੱਪ ਕਰ ਸਕਦਾ ਹੈ।

## ਕੀ ਮੇਰੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ?

ਸਟੈਟਿਸਟਿਕਸ ਕੈਨੇਡਾ ਤੁਹਾਡੀ ਗੋਪਨੀਯਤਾ ਦਾ ਸਤਿਕਾਰ ਕਰਦਾ ਹੈ ਅਤੇ ਇਸਦੀ ਸੁਰੱਖਿਆ ਨੂੰ ਸਭ ਤੋਂ ਵੱਧ ਤਰਜੀਹ ਦਿੰਦਾ ਹੈ। ਸਟੈਟਿਸਟਿਕਸ ਕੈਨੇਡਾ ਦੁਆਰਾ ਇਕੱਠੀ ਕੀਤੀ ਗਈ ਸਾਰੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ ਅਤੇ *ਸਟੈਟਿਸਟਿਕਸ ਐਕਟ* ਦੇ ਅਨੁਸਾਰ ਸਿਰਫ ਅੰਕੜਿਆਂ ਦੇ ਉਦੇਸ਼ਾਂ ਲਈ ਵਰਤੀ ਜਾਂਦੀ ਹੈ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸਟੈਟਿਸਟਿਕਸ ਕੈਨੇਡਾ ਦਾ ਟਰੱਸਟ ਸੈਂਟਰ ਵੇਖੋ।